**ਜਮਾਤ- ਛੇਵੀਂ**

**ਸਮਾਂ: 3 ਘੰਟੇ** **ਪੇਪਰ- ਸਤੰਬਰ (2022-23)** **ਕੁੱਲ ਅੰਕ:90**

**ਨੋਟ : ਪ੍ਰਸ਼ਨ ਨੰਬਰ 1 ਸੁੰਦਰ ਲਿਖਾਈ ਦੇ 5 ਅੰਕ ਹਨ । ਸਾਰੇ ਪ੍ਰਸ਼ਨ ਜਰੂਰੀ ਹਨ ।**

ਪ੍ਰਸ਼ਨ 2:ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:

ਰਸੋਈ ਦੀ ਅਲਮਾਰੀ ਵਿਚ ਇਲਾਚੀ,ਸੌਂਫ,ਜਵੈਣ,ਅੰਬਚੂਰ,ਤੇ ਅਨਾਰਦਾਨਾ ਵੱਖ-ਵੱਖ ਲਿਫ਼ਾਫ਼ਿਆ ਅੰਦਰ ਬੈਠੇ ਸਨ।ਜਦੋਂ ਮਈ ਦਾ ਮਹੀਨਾ ਆਇਆ ,ਦੁਪਹਿਰ ਵੇਲੇ ਬੜੀ ਗਰਮੀ ਸੀ।ਉਹ ਸਭ ਤੋਂ ਜਲਦੀ ਲਿਫ਼ਾਫ਼ੇ ਵਿਚੋਂ ਬਾਹਰ ਆ ਗਈ।ਫੇਰ ਸੌਂਫ ਨੂੰ ਵੀ ਗਰਮੀ ਲੱਗੀ ਤੇ ਜਵੈਣ ਨੂੰ ਵੀ ਗਰਮੀ ਲੱਗੀ,ਅੰਬਚੂਰ ਤੇ ਅਨਾਰਦਾਨੇ ਨੂੰ ਵੀ ਗਰਮੀ ਲੱਗੀ।ਸਾਰੇ ਹੀ ਲਿਫ਼ਾਫ਼ਿਆ ਵਿੱਚੋਂ ਬਾਹਰ ਨਿੱਕਲ ਆਏ।ਨੇੜੇ ਢੱਕਣ ਉੱਤੇ ਪੁਦੀਨਾ ਪਿਆ ਸੀ।ਪੂਦਨੇ ਨੂੰ ਵੀ ਪੂਦੀਨਾ ਬੜਾ ਗਰਮ ਲੱਗਾ।ਪੂਦਨਾ ਢੱਕਣ ਉੱਤੋਂ ਉੱਤਰ ਕੇ ਆਪਣੇ ਬੇਲੀ ਅਨਾਰਦਾਨੇ ਕੋਲ ਚਲਾ ਗਿਆ।

ਪ 1: ਰਸੋਈ ਦੀ ਅਲਮਾਰੀ ਵਿਚ ਕੀ-ਕੀ ਪਿਆ ਸੀ?
(ੳ) ਸੌਂਫ (ਅ) ਜਵੈਣ (ੲ) ਇਲਾਚੀ,ਅੰਬਚੂਰ ਤੇ ਅਨਾਰਦਾਨਾ (ਸ) ਸਾਰੇ

ਪ੍ਰ 2: ਗਰਮੀ ਕਿਸ ਮਹੀਨੇ ਜ਼ਿਆਦਾ ਸੀ?
(ੳ) ਜੂਨ (ਅ) ਜਨਵਰੀ (ੲ) ਮਈ (ਸ) ਇਹਨਾਂ ਵਿੱਚੋਂ ਕੋਈ ਨਹੀਂ।

ਪ੍ਰ 3: ਗਰਮੀ ਕਿਹੜੇ ਸਮੇਂ ਜਿਆਦਾ ਸੀ?
(ੳ) ਸਵੇਰ ਸਮੇਂ (ਅ) ਦੁਪਹਿਰ ਸਮੇਂ (ੲ) ਸ਼ਾਮ ਸਮੇਂ (ਸ) ਸਾਰੇ

ਫ੍ਰ.4: ਅਲਮਾਰੀ ਕਿੱਥੇ ਪਈ ਸੀ?
(ੳ) ਰਸੋਈ ਵਿਚ (ਅ) ਘਰ ਤੋਂ ਬਾਹਰ (ੲ) ਢੱਕਣ ਉੱਤੇ (ਸ) ਇਹਨਾਂ ਵਿਚੋਂ ਕੋਈ ਨਹੀਂ।

ਪ੍ਰ.5:ਪੂਦਨਾ ਢੱਕਣ ਉੱਤੋਂ ਉੱਤਰ ਕੇ ਕਿਸ ਕੋਲ਼ ਗਿਆ?
(ੳ) ਸੌਂਫ ਕੋਲ਼ (ਅ) ਅਨਾਰਦਾਨੇ ਕੋਲ਼ (ੲ) ਜਵੈਣ ਕੋਲ਼ (ਸ) ਅੰਬਚੂਰ ਕੋਲ਼ (5X1=5)

ਪ੍ਰਸ਼ਨ 3:ਬੂੜੇ ਨਾਂ ਦਾ ਬਾਲਕ ਗਊਆਂ ਚਰਾਉਂਦਾ ਰਹਿੰਦਾ ਸੀ।ਬਣਾਂ ਵਿਚ ਸਾਰਾ ਦਿਨ ਵਾਗੀਆਂ ਵਾਂਗ ਫਿਰਦਾ ਰਹਿੰਦਾ ਸੀ।ਤਕਾਲ਼ਾਂ ਪੈਂਦੀਆਂ ਤਾਂ ਵੱਗ ਨੂੰ ਹਿੱਕ ਕੇ ਘਰ ਨੂੰ ਲੈ ਜਾਂਦਾ ਸੀ।ਬੂੜਾ ਬੜਾ ਸੁਲਝਿਆ ਹੋਇਆ ਬਾਲਕ ਸੀ। ਸ਼ੁਰੂ ਤੋਂ ਹੀ ਡੂੰਘੀਆਂ ਸੋਚਾਂ ਸੋਚਦਾ ਸੀ।ਇਕ ਦਿਨ ਗਊਆਂ ਚਰਾਉਂਦੇ-ਚਰਾਉਂਦੇ ਨੇ ਰਾਵੀ ਦੇ ਕਿਨਾਰੇ ਗੁਰੂ ਨਾਨਕ ਦੇਵ ਜੀ ਨੂੰ ਅੰਤਰ-ਧਿਆਨ ਬੈਠਿਆਂ ਵੇਖਿਆ।ਗਊਆਂ ਚਰਾਉਂਦਾ ਘੜੀ-ਮੁੜੀ ਉੱਧਰ ਫੇਰਾ ਮਾਰਦਾ ਤੇ ਵੇਖਦਾ ਕਿ ਇੱਕ ਮਹਾਤਮਾ ਉਸੇ ਤਰ੍ਹਾਂ ਅਡੋਲ ਸਮਾਧੀ ਲਾਈ ਬੈਠੇ ਹਨ।ਚਿਹਰੇ ਤੇ ਅਨੋਖਾ ਨੂਰ ਸੀ।

(1) ਬੂੜੇ ਨਾਂ ਦਾ ਬਾਲਕ ਕੀ ਕਰਦਾ ਸੀ?
(ੳ) ਪੜ੍ਹਦਾ ਸੀ (ਅ) ਗਊਆਂ ਚਰਾਉਂਦਾ ਸੀ (ੲ) ਭਗਤੀ ਕਰਦਾ ਸੀ (ਸ) ਇਹਨਾਂ ਵਿਚੋਂ ਕੋਈ ਨਹੀਂ।

(2) ਬੂੜਾ ਕਿਸ ਸਮੇਂ ਗਊਆਂ ਘਰ ਲੈ ਕੇ ਜਾਂਦਾ ਸੀ?
(ੳ) ਸਵੇਰ ਸਮੇਂ (ਅ) ਸ਼ਾਮ ਸਮੇਂ (ੲ) ਦੁਪਹਿਰ ਸਮੇਂ (ਸ) ਇਹਨਾਂ ਵਿਚੋਂ ਕੋਈ ਨਹੀਂ।

(3) ਬੂੜਾ ਗਊਆਂ ਕਿੱਥੇ ਚਰਾਉਂਦਾ ਸੀ?
(ੳ) ਬਣ ਵਿਚ (ਅ) ਪਿੰਡ ਵਿਚ (ੲ) ਸ਼ਹਿਰ ਵਿਚ (ਸ) ਇਹਨਾਂ ਵਿਚੋਂ ਕੋਈ ਨਹੀਂ।

(4) ਗੁਰੂ ਨਾਨਕ ਦੇ ਚਿਹਰੇ ਤੇ ਅਨੋਖਾ ਨੂਰ ਸੀ?
(ੳ) ਸਹੀ (ਅ) ਗਲਤ

(5) ਬੂੜੇ ਨੇ ਕਿਸ ਨੂੰ ਅੰਤਰ ਧਿਆਨ ਦੇਖਿਆ?
(ੳ) ਗੁਰੂ ਨਾਨਕ ਦੇਵ ਜੀ ਨੂੰ (ਅ) ਗੁਰੂ ਅੰਗਦ ਦੇਵ ਜੀ ਨੂੰ (ੲ) ਗੁਰੂ ਰਾਮਦਾਸ ਜੀ ਨੂੰ (ਸ) ਗਊਆਂ ਨੂੰ (5X1=5)

ਪ੍ਰਸ਼ਨ 4: ਪ੍ਰਸ਼ਨ ਨੰਬਰ 2 ਵਿਚ ਦਿੱਤੇ ਗਏ ਪੈਰ੍ਹੇ ਵਿਚੋਂ ਕੋਈ ਪੰਜ ਨਾਂਵ ਚੁਣੋ । (5X1=5)

ਪ੍ਰਸ਼ਨ 5: ਕੋਈ ਪੰਜ ਦਿੱਤੇ ਵਿਸ਼ਰਾਮ ਚਿੰਨ੍ਹਾਂ ਨਾਮ ਦੱਸੋ।(, / ! / ; / ? / :- / । / - / . / () ) (5X1=5)

ਪ੍ਰਸ਼ਨ 6: ਹੇਠਾਂ ਦਿੱਤੇ ਸ਼ਬਦਾਂ ਵਿਚੋਂ ਕਿਸੇ ਪੰਜ ਦੇ ਵਿਰੋਧੀ ਸ਼ਬਦ ਲਿਖੋ। (5X1=5)

ਅਸਲੀ,ਸਹੀ,ਔਖ,ਸਸਤਾ,ਸਿੱਧਾ,ਹੱਸਣਾ,ਊਚ,ਕੱਚਾ

ਪ੍ਰਸ਼ਨ 7: ਹੇਠਾਂ ਦਿੱਤੇ ਨਾਂਵਾਂ ਵਿਚੋਂ ਕਿਸੇ ਪੰਜ ਲਈ ਚਿੰਨ੍ਹ ਲਿਖੋ । (5X1=5)

ਹੋੜਾ,ਕੰਨਾ,ਬਿਹਾਰੀ,ਲਾਂ,ਦੁਲੈਂਕੜ,ਸਿਹਾਰੀ,ਦੁਲਾਵਾਂ ,ਔਂਕੜ

ਪ੍ਰਸ਼ਨ8: ਹੇਠ ਲਿਖੀਆਂ ਕਾਵਿ ਸਤਰਾਂ ਦੇ ਭਾਵ ਸਪਸ਼ਟ ਕਰੋ: (4)

ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਹੀਓ।

ਜਿਵੇਂ ਫੁਲਾਂ ਅੰਦਰ, ਫੁੱਲ ਗੁਲਾਬ ਨੀ ਸਹੀਓ।

ਜਾਂ

ਕੱਕਰਾਂ ਨੇ ਲੁੱਟ-ਪੁੱਟ, ਨੰਗ ਕਰ ਛੱਡੇ ਰੁੱਖ,

ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲੀਆਂ।

ਪ੍ਰਸ਼ਨ 9 : ਹੇਠ ਲਿਖੇ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ: (5x2=10)

(ੳ) ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੇ ਨਾਂ ਲਿਖੋ ।
(ਅ) ਅੰਬਚੂਰ ਕਿਸ ਕੰਮ ਆਉਂਦਾ ਹੈ ?
(ੲ) ਮਹਾਤਮਾ ਗਾਂਧੀ ਜੀ ਨੇ ਕਿਹੜਾ ਮਾਰਗ ਚੁਣਿਆ ?
(ਸ) ਤ੍ਰਿੰਞਣ ਵਿਚ ਬੈਠ ਕੇ ਕੁੜੀਆਂ ਕੀ ਕਰਦੀਆਂ ਹਨ ?
(ਹ) ਬੱਚੇ ਸਕੂਲ ਤੋਂ ਬਾਹਰ ਕੀ ਕਰਨ ਗਏ ?
(ਕ) ਬੂੜਾ ਉਦਾਸ ਕਿਉਂ ਰਹਿੰਦਾ ਸੀ ?
(ਖ) ਬਸੰਤ ਰੁੱਤ ਮੌਕੇ ਪੰਛੀ ਕਿਹੜਾ ਰਾਗ ਗਾਉਂਦੇ ਹਨ ?
(ਗ) ਦਰਿਆ ਦੇ ਪੁੱਲ ਤੇ ਆ ਕੇ ਕੀ ਵਾਪਰਿਆ ?
(ਘ) ਥਾਲ ਕਿਸ ਉਮਰ ਦੀਆਂ ਕੁੜੀਆਂ ਦੀ ਖੇਡ ਹੈ ?

ਪ੍ਰਸ਼ਨ 9: ਹੇਠ ਲਿਖੇ ਸ਼ਬਦਾਂ / ਮੁਹਾਵਰਿਆਂ ਨੂੰ ਵਾਕਾਂ ਵਿਚ ਵਰਤੋ:(ਕੋਈ ਪੰਜ) ( 5X2=10)

ਦਿਲਚਸਪ,ਤਨ,ਧਰਤੀ,ਪਸੰਦ,ਹੌਸਲਾ,ਗੁਲਾਮ,ਅਧਿਆਪਕ,ਸਕੂਲ,ਹਿੰਮਤ,ਆਦਰ,ਕਤਾਰ,ਸਦਕੇ

ਪ੍ਰਸ਼ਨ 10 : ਹੇਠ ਲਿਖੇ ਵਾਕ ਵਿੱਚੋਂ ਨਾਂਵ ਲੱਭੋ- (1X2=2)

ਰਾਮ ਬੜਾ ਸੋਹਣਾ ਹੈ।

ਪ੍ਰਸ਼ਨ 11 : ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਤੇ ਨੋਟ ਲਿਖੋ- (1X10=10)

ਮੇਰਾ ਪਿੰਡ,ਅੱਖੀਂ ਡਿੱਠਾ ਮੇਲਾ,ਪੰਦਰਾਂ ਅਗਸਤ,ਮੇਰਾ ਸਕੂਲ,ਗਰਮੀ ਦੀ ਰੁੱਤ

ਪ੍ਰਸ਼ਨ 12 :ਮੁੱਖ ਅਧਿਆਪਕ ਜੀ ਨੂੰ ਅੱਧੇ ਦਿਨ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ । (1X8=8)

ਜਾਂ

ਮਾਤਾ ਜੀ ਨੂੰ ਸਲਾਨਾ ਸਮਾਰੋਹ ਵਿਚ ਸ਼ਾਮਲ ਹੋਣ ਲਈ ਪੱਤਰ ਲਿਖੋ ।

ਪ੍ਰਸ਼ਨ 13 :ਹੇਠ ਲਿਖੇ ਡੱਬਿਆਂ ਵਿਚੋਂ ਘੱਟੋ-ਘੱਟ ਅੱਠ ਸਾਰਥਕ ਸ਼ਬਦ ਚੁਣ ਕੇ ਲਿਖੋ - (8X1=8)

| | | | | | | | | | |
|---|---|---|---|---|---|---|---|---|---|
| ਲ਼ | ੜਾ | ਈ | ਗ਼ | ਰੂ | ਰ | ਸਿ | ਰ | ਹ | ਵਾ |
| ਬੇ | ਨ | ਤੀ | ਆ | ਆਂ | ਠੀ | ਕ | ਰਾ | ਲਾ | ਕ |
| ਰ | ਸ | ਮ | ਨ | ਰ | ਕ | ਮ | ਸਿ | ਰ | ਫ |
| ਅ | ਗ | ਵਾ | ਈ | ਰ | ਖਾ | ਤੋ | ਲ | ਕੱ | ਪ |
| ਨੌ | ਕ | ਰੀ | ਪਾ | ਕਿ | ਸ | ਤਾ | ਨ | ਦਾ | ਨ |
| ਫ | ਸ | ਲ | ਛਿ | ੜ | ਕ | ਣਾ | ਹੱ | ਦ | ਪ |
| ਸ਼ | ਗ | ਣ | ਵਿ | ਆ | ਹ | ਵਿ | ਸ਼ | ਵਾ | ਸ |
| ਜੀ | ਭ | ਹ | ਰ | ਕ | ਤ | ਨੁ | ਮਾ | ਇ | ਸ਼ |

ਪ੍ਰਸ਼ਨ 14 : ਨਾਂਵ ਜਾਂ ਪੜਨਾਂਵ ਦੀ ਪਰਿਭਾਸ਼ਾ ਲਿਖੋ । (3)